# ਸਿਰਦਾਰ ਕਪੂਰ ਸਿੰਘ ਦੀ ਚਿੰਤਨ-ਦ੍ਰਿਸ਼ਟੀ

***ਡਾ. ਮਨਜਿੰਦਰ ਸਿੰਘ***

ਸਿਰਦਾਰ ਕਪੂਰ ਸਿੰਘ ਦਾ ਨਾਂ ਵੀਹਵੀਂ ਸਦੀ ਦੇ ਸਿੱਖ-ਚਿੰਤਨ ਵਿਚ ਕੇਂਦਰੀ ਮਹੱਤਵ ਦਾ ਧਾਰਨੀ ਹੈ। ਉਹ ਆਧੁਨਿਕ ਯੁਗ ਦੇ ਵਿਸ਼ਵ-ਚਿੰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ-ਸਿਧਾਂਤ 'ਚੋਂ ਉਪਜੀ ਚਿੰਤਨ-ਦ੍ਰਿਸ਼ਟੀ ਦੀ ਹਾਜ਼ਰੀ ਲਗਵਾਉਣ ਵਾਲੇ ਮੁੱਢਲੇ ਦਾਰਸ਼ਨਿਕਾਂ ਵਿਚੋਂ ਇਕ ਹਨ। ਜਿਵੇਂ ਭਾਈ ਵੀਰ ਸਿੰਘ ਨੇ ਸਿੱਖ ਸੁਰਤ ਦੇ ਅਨੁਭਵ ਵਾਲੀ ਸੁਹਜ-ਚੇਤਨਾ ਨੂੰ ਆਧੁਨਿਕ ਯੁਗ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਰੂਪਾਂ ਵਿਚ ਉਤਾਰਿਆ ਅਤੇ ਗੁਰਬਾਣੀ ਦੇ ਸੁਹਜ-ਨਿਯਮ ਵਾਲਾ ਸਾਹਿਤ ਪੈਦਾ ਕੀਤਾ, ਉਸੇ ਤਰਾਂ ਸਿਰਦਾਰ ਕਪੂਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਿਪੇਖ ਵਿਚੋਂ ਉਪਜੀ ਗਿਆਨ-ਦ੍ਰਿਸ਼ਟੀ ਨੂੰ ਆਧੁਨਿਕ ਚਿੰਤਨ ਦੇ ਮੁਹਾਵਰੇ ਵਿਚ ਉਤਾਰਨ ਦਾ ਯਤਨ ਕੀਤਾ। ਦਰਅਸਲ ਉਨ੍ਹਾਂ ਨੇ ਸਿੱਖ ਗਿਆਨ-ਸ਼ਾਸਤਰ ਨੂੰ ਨਵੀਨ ਯੁਗ ਦੇ ਦਾਰਸ਼ਨਿਕ ਮੰਚ 'ਤੇ ਚੱਲ ਰਹੇ ਸੰਵਾਦ ਵਿਚ ਸ਼ਾਮਿਲ ਹੋ ਸਕਣ ਲਈ ਇਕ ਯੁਗ-ਅਨੁਕੂਲ ਮੁਹਾਂਦਾਰਾ ਪ੍ਰਦਾਨ ਕੀਤਾ।ਉਨ੍ਹਾਂ ਦੇ ਇਸ ਬੋਧਿਕ ਕਾਰਜ ਵਿਚ ਪਰੰਪਰਾਂ ਦਾ ਸੱਚ, ਸਮਕਾਲੀ ਇਤਿਹਾਸਕ ਸਥਿਤੀ ਦਾ ਤਣਾਅ ਤੇ ਵਿਸ਼ਵ-ਪੱਧਰੀ ਆਧੁਨਿਕ ਚਿੰਤਨ ਦਾ ਗਿਆਨ ਇਕੱਠੇ ਧੜਕਦੇ ਹਨ। ਅਜਿਹੇ ਸੰਘਣੇ ਅਨੁਭਵ ਵਾਲੀ ਦਾਰਸ਼ਨਿਕ ਦ੍ਰਿਸ਼ਟੀ ਕਾਰਨ ਉਹ ਸਿੱਖ-ਚਿੰਤਨ ਦੀ ਧਾਰਾ ਵਿਚ ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ-ਬਿੰਦੂ ਬਣਕੇ ਉਭਰਦੇ ਹਨ।ਉਨ੍ਹਾਂ ਤੋਂ ਬਾਅਦ ਦਾ ਸਿੱਖ-ਚਿੰਤਨ ਨਿਰੰਤਰ ਉਨ੍ਹਾਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ। ਇਸ ਲਈ ਜਿਨਾਂ ਚਿਰ ਸਿਰਦਾਰ ਕਪੂਰ ਸਿੰਘ ਦੀ ਚਿੰਤਨ-ਦ੍ਰਿਸ਼ਟੀ ਨੂੰ ਠੀਕ ਰੂਪ ਵਿਚ ਨਹੀਂ ਸਮਝਿਆ ਜਾਂਦਾ ਉਨਾਂ ਚਿਰ ਤਕ ਅਜੋਕੇ ਸਿੱਖ-ਚਿੰਤਨ ਦਾ ਸਰੂਪ ਨਿਰਧਾਰਤ ਕਰਨਾ ਕਠਿਨ ਲਗਦਾ ਹੈ।

ਸਿਰਦਾਰ ਕਪੂਰ ਸਿੰਘ ਦਾ ਸਿਰਜਣਾਤਮਕ ਤੇ ਬੋਧਾਤਮਿਕ ਕਾਰਜ ਬਹੁਪੱਖੀ ਪ੍ਰਕਿਰਤੀ ਵਾਲਾ ਹੈ। ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਉਨ੍ਹਾਂ ਦੀਆਂ 13 ਦੇ ਕਰੀਬ ਪੁਸਤਕਾਂ ਮਿਲਦੀਆਂ ਹਨ। ਪੰਜਾਬੀ ਵਿਚ ਉਨ੍ਹਾਂ ਦੀਆਂ 7 ਪੁਸਤਕਾਂ *ਸਪਤ ਸ੍ਰਿੰਗ, ਪੁੰਦ੍ਰੀਕ, ਹਸ਼ੀਸ਼, ਬਹੁ ਵਿਸਥਾਰ, ਸਾਚੀ ਸਾਖੀ, ਬਿਖੁ ਮਹਿ ਅੰਮ੍ਰਿਤ, ਰਾਜ ਕਰੇਗਾ ਖਾਲਸਾ ਤੇ ਹੋਰ ਨਿਬੰਧ* ਅਤੇ *ਪੰਚਨਦ* ਪ੍ਰਕਾਸ਼ਿਤ ਹੋਈਆਂ ਹਨ।ਉਨ੍ਹਾਂ ਦੁਆਰਾ ਰਚਿਤ *'ਸਪਤ ਸ੍ਰਿੰਗ'* ਵਿਚ ਸੱਤ ਮਹਾਨ ਸ਼ਖ਼ਸੀਅਤਾਂ (ਬਾਬਾ ਰਾਮ ਸਿੰਘ ਕੂਕਾ, ਨਿਊਟਨ, ਸੰਤ ਫਰਾਂਸਿਸ ਅਸਿਸੀ, ਰੋਜ਼ਾ ਲਕਸਮਬਰਗ, ਸ਼ੰਕ੍ਰਚਾਰੀਆ, ਮੀਰਾ ਅਤੇ ਗੌਤਮ ਬੁੱਧ) ਸੰਬੰਧੀ ਜੀਵਨੀ ਮੂਲਕ ਨਿਬੰਧ ਸੰਗ੍ਰਹਿਤ ਹਨ। *'ਸਾਚੀ ਸਾਖੀ'* ਉਨ੍ਹਾਂ ਦੇ ਇਤਿਹਾਸਕ, ਰਾਜਨੀਤਕ ਤੇ ਸਮਾਜਿਕ ਨਜ਼ਰੀਏ ਨੂੰ ਪ੍ਰਕਾਸ਼ਿਤ ਕਰਨ ਵਾਲੀ ਗਿਆਨਮਈ ਪੁਸਤਕ

ਹੈ। ਉਨ੍ਹਾਂ ਨੇ *'ਬਿਖੁ ਮਹਿ ਅੰਮ੍ਰਿਤ'* ਵਿੱਚ ਭਾਸ਼ਣਾਂ ਤੇ ਲੇਖਾਂ ਨੂੰ ਸੰਕਲਿਤ ਕੀਤਾ ਹੈ; *'ਰਾਜ ਕਰੇਗਾ ਖਾਲਸਾ ਤੇ ਹੋਰ ਲੇਖ'* ਵਿਚ ਉਹ ਲੇਖ ਸ਼ਾਮਿਲ ਹਨ ਜੋ ਉਨ੍ਹਾਂ ਦੁਆਰਾ ਸਮੇਂ-ਸਮੇਂ ਤੇ ਵੱਖ-ਵੱਖ ਮੈਗਜ਼ੀਨਾਂ ਵਿਚ ਛਪਦੇ ਰਹੇ। *'ਪੰਚਨਚ'* ਉਨ੍ਹਾਂ ਦੀ ਜਨਮ-ਸ਼ਤਾਬਦੀ 'ਤੇ ਪ੍ਰਕਾਸ਼ਿਤ ਕੀਤੀ ਗਈ, ਜਿਸ ਵਿਚ ਉਨ੍ਹਾਂ ਦੇ ਕੁਝ ਵਿਕੋਲਿਤਰੇ ਲੇਖਾਂ ਨੂੰ ਇਕ ਥਾਂ ਤੇ ਸੰਗ੍ਰਹਿਤ ਕਰ ਦਿਤਾ ਗਿਆ ਹੈ। *'ਹਸ਼ੀਸ਼'* ਕਾਵਿ- ਰਚਨਾਂ ਦਾ ਸੰਗ੍ਰਹਿ ਹੈ। ਅੰਗਰੇਜ਼ੀ ਵਿਚ ਉਨ੍ਹਾਂ ਦੀਆਂ 6 ਪੁਸਤਕਾਂ *Prasharprashna or Baisakhi of Guru Gobind Singh, Guru Nanak's Life and Thought, Sikhism for Modern Man, Some Insights into Sikhism, Mejudice* ਤੇ *Guru Arjan and his Sukhmani* ਮਿਲਦੀਆਂ ਹਨ।

*'Prasharprashna or Baisakhi of Guru Gobind Singh'* ਉਨ੍ਹਾਂ ਦੇ ਚਿੰਤਨ-ਸਰੂਪ ਨੂੰ ਕੁੰਜੀਵਤ ਰੂਪ ਵਿਚ ਪ੍ਰਦਰਸ਼ਿਤ ਕਰਨ ਵਾਲਾ ਦਸਤਾਵੇਜ਼ ਹੈ। ਸਿਰਦਾਰ ਕਪੂਰ ਸਿੰਘ ਵੱਲੋਂ ਇਸ ਪੁਸਤਕ ਨੂੰ ਦਿੱਤਾ ਗਿਆ ਸਿਰਲੇਖ ਵੀ ਵਿਸ਼ੇਸ਼ ਸਾਰਥਕਤਾ ਦਾ ਧਾਰਨੀ ਹੈ। ਪੁਸਤਕ ਦਾ ਇਹ ਨਾਮ ਇਸ ਦੇ ਅੰਦਰ ਨਿਹਿਤ, ਗੰਭੀਰ ਚਿੰਤਨਸ਼ੀਲ ਪ੍ਰਵਚਨ (Philosophical Discourse) ਵੱਲ ਸੰਕੇਤ ਕਰਦਾ ਹੈ। ਪੁਸਤਕ ਦੇ ਸਿਰਲੇਖ *Prasharprashna* ਦੀ ਪਿੱਠ ਭੂਮੀ ਵਿੱਚ ਸਿਰਦਾਰ ਕਪੂਰ ਸਿੰਘ ਦੇ ਜੀਵਨ ਦੀ ਇਕ ਅਹਿਮ ਘਟਨਾ ਕਾਰਜਸ਼ੀਲ ਹੈ। ਜਿਸ ਦਾ ਜ਼ਿਕਰ ਲੇਖਕ ਨੇ ਇਸ ਪੁਸਤਕ ਦੀ ਭੂਮਿਕਾ ਵਿਚ ਕੀਤਾ ਹੈ। ਲੇਖਕ ਦਾ ਅਜ਼ੀਜ਼ ਦੋਸਤ ਸਰਦਾਰੀ ਲਾਲ ਪਰਾਸ਼ਰ ਜੋ ਕਿ ਆਰਟ ਕਾਲਜ, ਸ਼ਿਮਲਾ ਦਾ ਪ੍ਰਿੰਸੀਪਲ ਅਤੇ ਇਕ ਉੱਚ ਕੋਟੀ ਦਾ ਮੂਰਤੀਕਾਰ ਸੀ, ਅਕਸਰ ਲੇਖਕ ਨੂੰ ਸਿੱਖ ਦਰਸ਼ਨ ਤੇ ਇਤਿਹਾਸ ਦੇ ਕੁਝ ਬੁਨਿਆਦੀ ਸੰਕਲਪਾਂ ਸਬੰਧੀ ਪ੍ਰਸ਼ਨ ਪੁੱਛਦਾ ਰਹਿੰਦਾ ਸੀ, ਜਿਨ੍ਹਾਂ ਦੇ ਵਿਸਤ੍ਰਿਤ ਉੱਤਰ ਲੇਖਕ ਵੱਲੋਂ ਸੰਜੀਦਾ ਦਾਰਸ਼ਨਿਕ ਮੁਹਾਵਰੇ ਵਿਚ ਦਿੱਤੇ ਜਾਂਦੇ ਸਨ। *Prasharprashana* ਪੁਸਤਕ ਵਿਚਲੇ ਦਾਰਸ਼ਨਿਕ ਲੇਖ ਇਸ ਗੰਭੀਰ ਸੰਵਾਦ ਵਿਚੋਂ ਉਪਜੇ ਹਨ। ਇਸ ਲਈ ਲੇਖਕ ਨੇ ਇਸ ਪੁਸਤਕ ਦਾ ਸਿਰਲੇਖ ਵੀ ਆਪਣੇ ਮਿੱਤਰ ਸਰਦਾਰੀ ਲਾਲ ਪਰਾਸ਼ਰ ਦੇ ਪ੍ਰਸ਼ਨਾਂ ਦੇ ਆਧਾਰ 'ਤੇ ਹੀ ਨਿਸ਼ਚਤ ਕੀਤਾ। ਇਸ ਸਿਰਲੇਖ ਦੀ ਪ੍ਰੇਰਨਾ ਲੇਖਕ ਨੂੰ ਬੁੱਧ-ਦਰਸ਼ਨ ਦੀ ਅਹਿਮ ਪੁਸਤਕ *ਮਿਲਿੰਦ ਪਨਹ* ਤੋਂ ਵੀ ਮਿਲੀ। ਇਸ ਪੁਸਤਕ ਵਿਚ ਰਾਜਾ ਮਿਲਿੰਦ ਕੁਝ ਪ੍ਰਸ਼ਨ ਪੁੱਛਦਾ ਹੈ, ਜਿਹਨਾਂ ਦੇ ਉੱਤਰ ਵਿਸਤ੍ਰਿਤ ਦਾਰਸ਼ਨਿਕ ਪ੍ਰਵਚਨ ਦੇ ਰੂਪ ਵਿਚ ਬੋਧੀ ਚਿੰਤਕ ਨਾਗਸੈਨ ਦਿੰਦਾ ਹੈ। ਰਾਜਾ ਮਿਲਿੰਦ ਦੇ ਪ੍ਰਸ਼ਨਾਂ 'ਤੇ ਆਧਾਰਿਤ ਹੋਣ ਕਾਰਨ ਇਸ ਪੁਸਤਕ ਨੂੰ *ਮਿਲਿੰਦ ਪਨਹ* ਅਰਥਾਤ 'ਮਿਲਿੰਦ ਦੇ ਪ੍ਰਸ਼ਨ' ਨਾਮ ਦਿੱਤਾ ਗਿਆ। ਇਸੇ ਤੋਂ ਪ੍ਰੇਰਿਤ ਹੋ ਕੇ ਸਿਰਦਾਰ ਕਪੂਰ ਸਿੰਘ ਨੇ ਸਰਦਾਰੀ ਲਾਲ ਪਰਾਸ਼ਰ ਦੇ ਪ੍ਰਸ਼ਨਾਂ 'ਤੇ ਅਧਾਰਿਤ ਆਪਣੀ ਇਸ ਪੁਸਤਕ ਦਾ ਨਾਮ *Prasharprashna* ਰੱਖਿਆ। ਇਸ ਵਿਚ ਉਨ੍ਹਾਂ ਨੇ ਸਿੱਖ ਧਰਮ, ਦਰਸ਼ਨ, ਰਾਜਨੀਤੀ ਤੇ ਸਭਿਆਚਾਰ ਆਦਿ ਵਿਸ਼ਿਆਂ ਨੂੰ ਸੂਖਮ ਚਿੰਤਨ ਦੀ ਪੱਧਰ 'ਤੇ ਅਧਿਐਨ ਦਾ ਵਿਸ਼ਾ ਬਣਾਇਆ ਹੈ।

*'Guru Nanak's Life and Thought', 'Sikhism for Modern Man', 'Some Insights into Sikhism'* ਅਤੇ *'Mejudice'* ਪੁਸਤਕਾਂ ਵੀ ਉਨ੍ਹਾਂ ਦੇ ਦਾਰਸ਼ਨਿਕ ਲੇਖਾਂ ਦੇ ਸੰਗ੍ਰਹਿ ਹਨ। *Guru Arjan and His Sukhmani* ਵਿਚ ਉਨ੍ਹਾਂ ਨੇ 'ਸੁਖਮਨੀ ਸਾਹਿਬ' ਦੀਆਂ ਪੰਜ ਅਸ਼ਟਪਦੀਆਂ ਦਾ ਅੰਗਰੇਜ਼ੀ ਅਨੁਵਾਦ ਸੰਕਲਪਿਕ ਸ਼ਬਦਾਵੱਲੀ

ਦੀ ਵਿਸਤ੍ਰਿਤ ਦਾਰਸ਼ਨਿਕ ਵਿਆਖਿਆ ਸਹਿਤ ਕੀਤਾ ਹੈ। ਸਿਰਦਾਰ ਕਪੂਰ ਸਿੰਘ ਦਾ ਉਪਰੋਕਤ ਰਚਨਾ-ਕਾਰਜ ਬਹੁਪੱਖੀ ਪ੍ਰਕਿਰਤੀ ਵਾਲਾ ਹੈ। ਦਾਰਸ਼ਨਿਕ ਚਿੰਤਨ, ਇਤਿਹਾਸਕਾਰੀ, ਰਾਜਨੀਤਕ ਦ੍ਰਿਸ਼ਟੀ ਤੇ ਸਿਰਜਣਾਤਮਕਤਾ ਇਸ ਦੇ ਕੁਝ ਪ੍ਰਮੁੱਖ ਪਾਸਾਰ ਹਨ, ਪਰ ਉਨ੍ਹਾਂ ਦਾ ਬਹੁਤਾ ਕਾਰਜ ਚਿੰਤਨ ਨੂੰ ਹੀ ਸਮਰਪਿਤ ਹੈ। ਸਾਹਿਤ, ਇਤਿਹਾਸ ਤੇ ਰਾਜਨੀਤੀ ਆਦਿ ਨਾਲ ਸਬੰਧਿਤ ਰਚਨਾਵਾਂ ਵਿਚ ਵੀ ਉਨ੍ਹਾਂ ਦੀ ਸੂਖਮ ਚਿੰਤਨ-ਦ੍ਰਿਸ਼ਟੀ ਸਦਾ ਹਾਜ਼ਰ ਰਹਿੰਦੀ ਹੈ। ਇਤਿਹਾਸ ਅਤੇ ਦਰਸ਼ਨ ਉਨ੍ਹਾਂ ਦੀ ਰੁਚੀ ਦੇ ਦੋ ਅਹਿਮ ਵਿਸ਼ੇ ਰਹੇ ਹਨ। ਕਿਸੇ ਦਾਰਸ਼ਨਿਕ ਸੰਕਲਪ ਬਾਰੇ ਚਰਚਾ ਕਰਦਿਆਂ ਉਨ੍ਹਾਂ ਦਾ ਇਤਿਹਾਸ ਵਿਚ ਪ੍ਰਵੇਸ਼ ਕਰ ਜਾਣਾ ਅਤੇ ਕਿਸੇ ਇਤਿਹਾਸਕ ਘਟਨਾ ਸਬੰਧੀ ਵਿਚਾਰ ਕਰਦਿਆਂ ਉਸ ਦੀ ਦਾਰਸ਼ਨਿਕਤਾ ਵਿਚ ਉਤਰ ਜਾਣਾ ਉਨ੍ਹਾਂ ਦੀ ਰਚਨਾ-ਸ਼ੈਲੀ ਦਾ ਅਹਿਮ ਲੱਛਣ ਹੈ। ਉਹ ਇਤਿਹਾਸ ਦੀ ਪ੍ਰਕਿਰਤੀ ਨੂੰ ਵਸਤੂਨਿਸ਼ਠ (objective) ਦੀ ਬਜਾਇ ਆਤਮਨਿਸ਼ਠ (subjective) ਮੰਨਦੇ ਸਨ। ਉਨ੍ਹਾਂ ਅਨੁਸਾਰ ਇਤਿਹਾਸਕਾਰ ਕੇਵਲ ਵਸਤੂਨਿਸ਼ਠ ਤੱਥਾਂ ਤੱਕ ਸੀਮਤ ਰਹਿਕੇ ਇਤਿਹਾਸਕ ਸੱਚ ਦੀ ਪਹਿਚਾਣ ਨਹੀਂ ਕਰ ਸਕਦਾ। ਇਤਿਹਾਸ-ਲੇਖਨ ਦੀ ਪ੍ਰਕਿਰਿਆ ਵਿਚ ਇਤਿਹਾਸਕ ਦੀ ਸਿਰਜਣਾਤਮਕ ਆਤਮਨਿਸ਼ਠਤਾ ਦਾ ਕਾਰਜਸ਼ੀਲ ਹੋਣਾ ਲਾਜ਼ਮੀ ਹੈ। ਉਨ੍ਹਾਂ ਦੁਆਰਾ ਰਚਿਤ ਪੁਸਤਕ 'ਸਾਚੀ ਸਾਖੀ' ਦੇ ਇਤਿਹਾਸਕ ਲੇਖਾਂ, ਕਿਤਾਬਚਾ *'ਸਫਰਾਂ ਦੀ ਸਾਖੀ ਪੋਥੀ : ਇਕ ਪੰਛੀ ਝਾਤ'* ਅਤੇ "Sikh Review" (oct 1960) ਵਿਚ ਪ੍ਰਕਾਸ਼ਤ ਲੇਖ "A Note for Writers on Sikh History" ਵਿਚ ਉਨ੍ਹਾਂ ਦੀ ਇਸ ਇਤਿਹਾਸ-ਦ੍ਰਿਸ਼ਟੀ ਦੇ ਸੰਕੇਤ ਨਿਹਿਤ ਹਨ। ਇਤਿਹਾਸਕਾਰੀ ਨਾਲ ਸਬੰਧਤ ਇਹਨਾਂ ਰਚਨਾਵਾਂ ਵਿਚ ਵੀ ਉਨ੍ਹਾਂ ਦੀ ਵਿਸ਼ੇਸ਼ ਚਿੰਤਨ-ਦ੍ਰਿਸ਼ਟੀ ਦੇ ਪ੍ਰਭਾਵ ਪਛਾਣੇ ਜਾ ਸਕਦੇ ਹਨ। ਦਰਅਸਲ ਉਨ੍ਹਾਂ ਦੇ ਸਮੁੱਚੇ ਕਾਰਜ ਦਾ ਬੁਨਿਆਦੀ ਧੁਰਾ ਚਿੰਤਨ ਹੀ ਹੈ। ਹਥਲੇ ਖੋਜ-ਪੱਤਰ ਵਿਚ ਉਨ੍ਹਾਂ ਦੀ ਚਿੰਤਨ-ਦ੍ਰਿਸ਼ਟੀ ਦੇ ਬੁਨਿਆਦੀ ਸੂਤਰਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਕਿਸੇ ਵੀ ਵਿਦਵਾਨ ਦੇ ਦਾਰਸ਼ਨਿਕ ਪ੍ਰਵਚਨ ਨੂੰ ਸਮਝਣ ਲਈ ਪਹਿਲਾਂ ਉਸ ਦੇ ਪਰੰਪਰਾਗਤ ਆਧਾਰਾਂ ਨੂੰ ਵਾਚਣਾ ਜ਼ਰੂਰੀ ਹੁੰਦਾ ਹੈ। ਕੋਈ ਵਿਦਵਾਨ ਖਲਾਅ ਵਿਚ ਪੈਦਾ ਨਹੀਂ ਹੁੰਦਾ। ਪਰੰਪਰਾ ਵਿਚੋਂ ਮਿਲਦੀਆਂ ਅੰਤਰ-ਦ੍ਰਿਸ਼ਟੀਆਂ ਉਸਦੇ ਬੋਧਿਕ ਪ੍ਰਕਾਰਜ ਨੂੰ ਆਧਾਰ ਪ੍ਰਦਾਨ ਕਰਦੀਆਂ ਹਨ। ਜਿਥੋਂ ਤੱਕ ਸਿਰਦਾਰ ਕਪੂਰ ਸਿੰਘ ਦੇ ਚਿੰਤਨ-ਆਧਾਰ ਦਾ ਪ੍ਰਸ਼ਨ ਹੈ ਤਾਂ ਇਹ ਕਿਸੇ ਵੀ ਇਕ ਸੀਮਤ ਵਾਦ ਜਾਂ ਵਿਚਾਰਧਾਰਾ ਨਾਲ ਬੱਝਾ ਹੋਇਆ ਨਹੀਂ ਹੈ। ਇਕ ਸੁਹਿਰਦ ਦਰਸ਼ਨਵੇਤਾ ਦੀ ਤਰਾਂ ਉਨ੍ਹਾਂ ਨੂੰ ਵਿਸ਼ਵ-ਚਿੰਤਨ ਦੀਆਂ ਕੁਲ ਪਰੰਪਰਾਵਾਂ ਵਿਚੋਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਨ ਵਿਚ ਕੋਈ ਸੰਕੋਚ ਨਹੀਂ ਹੈ। ਉਨ੍ਹਾਂ ਦੇ ਚਿੰਤਨ ਵਿਚ ਪੂਰਬੀ ਤੇ ਪੱਛਮੀ ਦਰਸ਼ਨ ਦੀਆਂ ਪਰੰਪਰਾਵਾਂ ਦਾ ਵਿਸਤ੍ਰਿਤ ਅਧਿਐਨ ਝਲਕਦਾ ਹੈ। ਸਿੱਖ-ਦਰਸ਼ਨ, ਸਨਾਤਨ ਮੱਤ, ਸਾਮੀ ਧੱਰਮ, ਬੁੱਧ ਮੱਤ ਦਾ ਦਰਸ਼ਨ ਤੇ ਪੱਛਮੀ ਫਲਸਫੇ ਦੀ ਦੀਰਘ ਪਰੰਪਰਾਂ ਦਾ ਗਿਆਨ ਸਹਿਜ ਰੂਪ ਵਿਚ ਹੀ ਉਨ੍ਹਾਂ ਦੇ ਚਿੰਤਨ ਵਿਚ ਰਮਿਆ ਹੋਇਆ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ *ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਗੀਤਾ, ਕੁਰਾਨ, ਹਦੀਸ, ਬਾਈਬਲ, ਮੌਲਾਨਾ ਰੂਮੀ, ਧੱਮਪਦ, ਮਿਲਿੰਦ ਪਨਹ* ਆਦਿ ਦੇ ਹਵਾਲੇ ਵਾਰ-ਵਾਰ ਆਉਂਦੇ ਹਨ। ਇਹ ਹਵਾਲੇ ਸਨਾਤਨ ਮੱਤ, ਸਾਮੀ ਧਰਮਾਂ ਅਤੇ ਬੁੱਧ ਮੱਤ ਸਬੰਧੀ ਉਨ੍ਹਾਂ ਦੇ ਦੀਰਘ ਗਿਆਨ ਦਾ

ਸੰਕੇਤ ਦਿੰਦੇ ਹਨ। ਇਸੇ ਤਰ੍ਹਾਂ ਸਾਹਿਤ, ਇਤਿਹਾਸ ਅਤੇ ਦਰਸ਼ਨ ਆਦਿ ਦੇ ਵਿਭਿੰਨ ਮੁੱਦਿਆਂ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੀਆਂ ਲਿਖਤਾਂ ਵਿਚ ਟੋਇਨਬੀ, ਵਿਟਗਨਸਟੀਨ, ਸੌਸਿਊਰ, ਫਰਾਇਡ, ਯੁੰਗ, ਮਾਰਕਸ, ਰੁਡੌਲਫ ਔਟੋ, ਕਾਂਤ, ਹੀਗਲ ਅਤੇ ਨਿਊਟਨ ਆਦਿ ਦੇ ਹਵਾਲੇ ਤੇ ਟਿੱਪਣੀਆਂ ਅਕਸਰ ਦੇਖਣ ਨੂੰ ਮਿਲਦੇ ਹਨ, ਜਿਸ ਤੋਂ ਪੱਛਮੀ ਗਿਆਨ ਸ਼ਾਸਤਰੀ ਪਰੰਪਰਾ ਸਬੰਧੀ ਉਨ੍ਹਾਂ ਦੇ ਵਿਸਤ੍ਰਿਤ ਅਧਿਐਨ ਦਾ ਪ੍ਰਮਾਣ ਮਿਲਦਾ ਹੈ।ਪੂਰਬੀ ਤੇ ਪੱਛਮੀ ਗਿਆਨ-ਸ਼ਾਸਤਰੀ ਪਰੰਪਰਾਵਾਂ ਨੂੰ ਸੰਯੁਕਤ ਰੂਪ ਵਿਚ ਆਪਣੇ ਚਿੰਤਨ-ਆਧਾਰ ਵਜੋਂ ਗ੍ਰਹਿਣ ਕਰਨਾ ਉਸ ਸਮੇਂ ਦੀ ਇਤਿਹਾਸਕ ਸਥਿਤੀ ਦੇ ਸੰਦਰਭ ਵਿਚ ਬਹੁਤ ਮਹੱਤਵਪੂਰਨ ਹੈ। ਇਹ ਉਹ ਸਮਾਂ ਸੀ ਜਦੋਂ ਪੂਰਬੀ ਦੇਸ਼ਾਂ 'ਤੇ ਪੱਛਮ ਦਾ ਬਸਤੀਵਾਦੀ ਪ੍ਰਵਚਨ ਪੂਰੀ ਤਰਾਂ ਹਾਵੀ ਸੀ। ਪੱਛਮੀ ਬਸਤੀਵਾਦ ਨੇ ਪੂਰਬ ਦੇ ਦੇਸ਼ਾਂ ਨੂੰ ਰਾਜਨੀਤਿਕ ਤੇ ਆਰਥਿਕ ਤੌਰ 'ਤੇ ਹੀ ਗ਼ੁਲਾਮ ਨਹੀਂ ਸੀ ਬਣਾਇਆ ਬਲਕਿ ਇਹ ਗਿਆਨ ਤੇ ਬੁੱਧੀ ਦੇ ਖੇਤਰ ਵਿਚ ਵੀ ਪੱਛਮ ਦੀ ਹੈਜਮੋਨੀ ਦਾ ਸ਼ਿਕਾਰ ਸਨ। ਇਸ ਸਥਿਤੀ ਵਿਚ ਪੂਰਬੀ ਧਰਮ-ਦਰਸ਼ਨ ਦੇ ਗ੍ਰੰਥ ਬਸਤੀਵਾਦੀ ਪ੍ਰਵਚਨ ਹੇਠ ਚੱਲ ਰਹੇ ਅਧਿਐਨ-ਕਾਰਜਾਂ ਦੀ ਵਸਤੂ ਤਾਂ ਬਣਦੇ ਸਨ, ਪਰ ਇਨ੍ਹਾਂ ਨੂੰ ਚਿੰਤਨ ਦੇ ਆਧਾਰ-ਰੂਪ ਵਿਚ ਗ੍ਰਹਿਣ ਨਹੀਂ ਕੀਤਾ ਜਾਂਦਾ ਸੀ। ਸਿਰਦਾਰ ਕਪੂਰ ਸਿੰਘ ਨੇ ਇਸ ਹੈਜਮੋਨੀ ਤੋਂ ਮੁਕਤ ਹੋ ਕੇ ਪੂਰਬੀ ਧਰਮ-ਦਰਸ਼ਨ ਦੇ ਗ੍ਰੰਥਾਂ ਨੂੰ ਆਪਣੇ ਚਿੰਤਨ ਦੇ ਆਧਾਰ-ਰੂਪ ਵਿਚ ਨਾ ਕੇਵਲ ਗ੍ਰਹਿਣ ਕੀਤਾ ਸਗੋਂ ਵਿਸ਼ਵ ਦੇ ਦਾਰਸ਼ਨਿਕ ਸੰਵਾਦ ਵਿਚ ਪੂਰਬੀ ਦ੍ਰਿਸ਼ਟੀ ਦਾ ਜੇਤੂ ਰੂਪ ਪ੍ਰਦਰਸ਼ਤ ਕੀਤਾ। ਇਵੇਂ ਉਸ ਘੜੀ ਉਹ ਵਿਸ਼ਵ-ਮੰਚ 'ਤੇ ਪੂਰਬੀ ਦਰਸ਼ਨ ਦੇ ਪ੍ਰਤੀਨਿਧ ਵਜੋਂ ਉਭਰ ਰਹੇ ਸਨ।

ਉਨ੍ਹਾਂ ਦੇ ਚਿੰਤਨ-ਆਧਾਰ ਨੂੰ ਜਾਣਨ ਤੋਂ ਬਾਅਦ ਅਧਿਐਨ-ਵਸਤੂ ਦੀ ਪਹਿਚਾਣ ਲਾਜ਼ਮੀ ਹੈ।ਉਨ੍ਹਾਂ ਦੇ ਅਧਿਐਨ ਦਾ ਮੂਲ ਅਧਾਰ ਸਿੱਖ ਪੰਥ ਦੇ ਵਿਭਿੰਨ ਸਰੋਕਾਰ ਹਨ। ਸਿੱਖ ਅਧਿਆਤਮ, ਦਰਸ਼ਨ, ਸਾਹਿਤ, ਇਤਿਹਾਸ, ਰਾਜਨੀਤੀ ਤੇ ਸਮਾਜ ਆਦਿ ਉਨ੍ਹਾਂ ਦੇ ਚਿੰਤਨ ਦੇ ਮੂਲ ਵਿਸ਼ੇ ਰਹੇ ਹਨ। ਇਵੇਂ ਸਿੱਖ ਪੰਥ ਉਹ ਮੂਲ ਬਿੰਦੂ ਹੈ ਜਿਸ ਦੇ ਦੁਆਲੇ ਉਨ੍ਹਾਂ ਦਾ ਸਮੁੱਚਾ ਦਾਰਸ਼ਨਿਕ ਪ੍ਰਵਚਨ ਉੱਸਰਿਆ ਹੈ। ਇਸ ਮੂਲ ਬਿੰਦੂ ਦੇ ਸੰਦਰਭ ਵਿਚ ਹੀ ਉਨ੍ਹਾਂ ਦੇ ਚਿੰਤਨ ਦੇ ਬੁਨਿਆਦੀ ਸੂਤਰਾਂ ਨੂੰ ਉਭਾਰਿਆ ਜਾ ਸਕਦਾ ਹੈ।

ਸਿਰਦਾਰ ਕਪੂਰ ਸਿੰਘ ਦੇ ਚਿੰਤਨ ਦਾ ਕੇਂਦਰੀ ਸੂਤਰ ਸਿਖ ਪੰਥ ਨੂੰ ਸਾਰੇ ਛੋਟੇ ਪ੍ਰਸੰਗਾਂ ਤੋਂ ਮੁਕਤ ਕਰਕੇ ਇਸ ਦੀ ਕੋਈ ਵਿਸ਼ਵਵਿਆਪੀ ਦਾਰਸ਼ਨਿਕ ਵਿਆਖਿਆ ਕਰਨਾ ਹੈ।ਉਨ੍ਹਾਂ ਦੇ ਸਮਕਾਲੀ ਇਤਿਹਾਸਕ ਸੰਦਰਭ ਵਿਚ ਚਿੰਤਨ ਦੀ ਇਸ ਦਿਸ਼ਾ ਦਾ ਉਪਜਣਾ ਬਹੁਤ ਜ਼ਿਆਦਾ ਅਹਿਮ ਹੈ। ਉਸ ਸਮੇਂ ਪੱਛਮ ਦੇ ਬਸਤੀਵਾਦੀ ਪ੍ਰਵਚਨ ਦੇ ਅਸਰ ਤੇ ਪ੍ਰਤੀਕਰਮ ਵਜੋਂ 'ਆਰੀਆ ਸਮਾਜ', 'ਬ੍ਰਹਮੋ ਸਮਾਜ' ਤੇ 'ਸਿੰਘ ਸਭਾ' ਆਦਿ ਲਹਿਰਾਂ ਆਪੋ-ਆਪਣੀ ਵਿੱਲਖਣ ਸ਼ਨਾਖ਼ਤ ਸਥਾਪਤ ਕਰਨ ਲਈ ਯਤਨਸ਼ੀਲ ਸਨ। ਇਸ ਸਮੇਂ 'ਸਿੰਘ ਸਭਾ' ਦੇ ਸਾਹਮਣੇ ਦੋਹਰੀ ਸਮੱਸਿਆ ਸੀ। ਇਕ ਤਾਂ ਉਸ ਦਾ ਟਕਰਾਅ ਪੰਥ ਦੇ ਅੰਦਰ ਚੱਲ ਰਹੀ ਖਾਸ ਕਿਸਮ ਦੀ ਨਸਲੀ ਮਾਨਸਿਕਤਾ ਨਾਲ ਸੀ, ਦੂਜਾ ਉਹ ਪੱਛਮੀ ਬਸਤੀਵਾਦੀ ਪ੍ਰਵਚਨ ਤੇ ਇਸਦੇ ਪ੍ਰਭਾਵ ਅਧੀਨ ਉਪਜੀਆਂ 'ਬ੍ਰਹਮੋ ਸਮਾਜ' ਤੇ 'ਆਰੀਆ ਸਮਾਜ' ਆਦਿ ਲਹਿਰਾਂ ਦੁਆਰਾ ਕੀਤੀ ਜਾ ਰਹੀ ਸਿੱਖ ਪੰਥ ਦੀ ਵਿਆਖਿਆ ਨਾਲ ਪੰਥ ਦੀ ਵਿੱਲਖਣ ਪਹਿਚਾਣ ਦੇ ਖੁਰ ਜਾਣ ਦਾ ਖਤਰਾ ਮਹਿਸੂਸ ਕਰ

ਰਹੀ ਸੀ। ਇਸ ਸਭ ਦੇ ਪ੍ਰਤੀਕਰਮ ਵਜੋਂ ਜਦ 'ਸਿੰਘ ਸਭਾ' ਨੇ ਪੰਥ ਦੀ ਵਿਲੱਖਣ ਹਸਤੀ ਨੂੰ ਸਥਾਪਿਤ ਕਰਨ ਦੇ ਯਤਨ ਆਰੰਭੇ ਤਾਂ ਉਸ ਨੇ ਬਸਤੀਵਾਦੀ ਪ੍ਰਵਚਨ ਦੇ ਗਿਆਨ-ਸ਼ਾਸਤਰੀ ਆਧਾਰਾਂ ਨੂੰ ਹੀ ਇਸ ਕਾਰਜ ਲਈ ਵਰਤਿਆ। ਫਲਸਰੂਪ 'ਸਿੰਘ ਸਭਾ' ਪੰਥ ਦੇ ਅੰਦਰੂਨੀ ਨਸਲਵਾਦੀ ਝੁਕਾਵਾਂ ਨੂੰ ਤਾਂ ਦਬਾਉਣ ਵਿਚ ਕੁਝ ਹਦ ਤਕ ਸਫਲ ਹੋਈ ਪਰ ਪੰਥ ਦੀ ਵੱਖਰੀ ਹੋਂਦ ਨੂੰ ਸਥਾਪਿਤ ਕਰਨ ਦੇ ਯਤਨਾਂ ਵਿਚ ਇਸ ਨੇ ਸਿੱਖੀ ਦੇ ਬ੍ਰਹਿਮੰਡੀ ਪਾਸਾਰਾਂ ਨੂੰ ਛੋਟੇ ਪ੍ਰਸੰਗਾਂ ਤਕ ਸੀਮਤ ਕਰ ਲਿਆ ਤੇ ਇਸ ਨੂੰ ਦੂਜੇ ਧਰਮਾਂ ਦੇ ਮੁਕਾਬਲੇ 'ਤੇ ਇਕ ਵੱਖਰੇ ਸਮਾਜਿਕ ਵਿਸ਼ਵਾਸ ਵਜੋਂ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਵੇਂ 'ਸਿੰਘ ਸਭਾ' ਆਪਣੀ ਦੋਸ਼ਪੂਰਨ ਵਿਆਖਿਆ-ਵਿਧੀ ਕਰਕੇ ਪੂਰੀ ਸੁਹਿਰਦਤਾ ਨਾਲ ਪੰਥ ਵਿਰੋਧੀ ਧਿਰਾਂ ਨਾਲ ਟਕਰਾਉਂਦੀ ਹੋਈ ਵੀ ਅਖੀਰ ਉਹਨਾਂ ਦੇ ਹੱਕ ਵਿੱਚ ਭੁਗਤ ਗਈ। ਪੰਥ ਅੰਦਰਲੀ ਨਸਲਵਾਦੀ ਧਿਰ ਜਿਵੇਂ ਪੰਥ ਨੂੰ ਖਾਸ ਕਿਸਮ ਦੇ ਨਸਲੀ ਤੇ ਇਲਾਕਾਈ ਪ੍ਰਸੰਗਾਂ ਤਕ ਸੀਮਤ ਕਰਕੇ ਵੱਖਰੇ ਰੂਪ ਵਿਚ ਸਥਾਪਿਤ ਕਰਨਾ ਚਾਹੁੰਦੀ ਸੀ। 'ਸਿੰਘ ਸਭਾ' ਨੇ ਉਸ ਨਸਲੀ ਚੇਤਨਾ ਨਾਲ ਟਕਰਾਉਂਦੇ ਹੋਏ ਵੀ ਅਖ਼ੀਰ ਉਸ ਨੂੰ ਉਸ ਦੇ ਉਪਰੋਕਤ ਪ੍ਰਯੋਜਨ ਦੀ ਪੂਰਤੀ ਦਾ ਵਿਆਖਿਆ-ਸ਼ਾਸਤਰੀ ਆਧਾਰ ਪ੍ਰਦਾਨ ਕਰ ਦਿੱਤਾ। 'ਸਿੰਘ ਸਭਾ' ਪੱਛਮੀ ਬਸਤੀਵਾਦ ਦੇ ਵਿਆਖਿਆ ਸ਼ਾਸਤਰੀ ਮਾਡਲਾਂ ਨੂੰ ਵਰਤ ਕੇ ਉਸ ਨਾਲ ਹੀ ਮੁੜ ਟਕਰਾ ਵੀ ਰਹੀ-ਸੀ ਜਦਕਿ ਪੰਥ ਅੰਦਰਲੀ ਨਸਲੀ ਧਿਰ ਇਕ ਪਾਸੇ ਸਿੰਘ. ਸਭਾ ਦੀ ਵੱਖਰਤਾ ਵਾਲੀ ਵਿਆਖਿਆ ਨੂੰ ਆਪਣੇ ਛੋਟੇ ਹਿੱਤਾਂ ਲਈ ਵਰਤ ਰਹੀ ਸੀ, ਦੂਜੇ ਪਾਸੇ ਬਸਤੀਵਾਦੀ ਨਿਜ਼ਾਮ ਦੀ ਸਿੱਧੇ ਰੂਪ ਵਿਚ ਅਧੀਨਗੀ ਮੰਨਕੇ ਆਰਥਿਕ ਤੇ ਰਾਜਨੀਤਿਕ ਮੁਫਾਦ ਵੀ ਹਾਸਿਲ ਕਰ ਰਹੀ ਸੀ। ਇਸ ਕਿਸਮ ਦੇ ਮਾਹੌਲ ਵਿਚ ਸਿਰਦਾਰ ਕਪੂਰ ਸਿੰਘ ਨੇ ਸਿੱਖੀ ਦੀ ਆਤਮਾ ਨਾਲ ਇਕਸੁਰ ਦਾਰਸ਼ਨਿਕ ਪ੍ਰਵਚਨ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਸਿੱਖੀ ਦੀ ਵਿਆਖਿਆ ਨੂੰ ਇਲਾਕਾਈ, ਨਸਲੀ, ਸੰਪ੍ਰਦਾਇਕ ਆਦਿ ਛੋਟੇ ਪ੍ਰਸੰਗਾਂ ਤੋਂ ਮੁਕਤ ਕਰਕੇ ਇਸ ਦੇ ਬ੍ਰਹਿਮੰਡੀ ਪਾਸਾਰਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਦਾਰਸ਼ਨਿਕ ਪੱਧਰ 'ਤੇ ਸਿੱਖੀ ਦਾ ਉਹ ਸਰਬਵਿਆਪਕ ਰੂਪ ਪ੍ਰਦਰਸ਼ਿਤ ਕੀਤਾ ਜਿਸ ਵਿਚ ਸਮਾ ਕੇ ਵਿਸ਼ਵ ਦੀਆਂ ਸਾਰੀਆਂ ਧਾਰਮਿਕ, ਦਾਰਸ਼ਨਿਕ, ਰਾਜਨੀਤਕ ਤੇ ਸਭਿਆਚਾਰਕ ਪਰੰਪਰਾਵਾਂ ਕਿਸੇ ਦੈਵੀ ਸੰਪੂਰਨਤਾ ਨੂੰ ਪ੍ਰਾਪਤ ਕਰਦੀਆਂ ਹਨ। ਇਸੇ ਪਰਿਪੇਖ ਵਿਚ ਉਹ ਸਿੱਖੀ ਨੂੰ ਆਰੀਆਈ ਤੇ ਸਾਮੀ ਦੋਹਾਂ ਪਰੰਪਰਾਵਾਂ ਨੂੰ ਸੰਪੂਰਨਤਾ ਪ੍ਰਦਾਨ ਕਰਨ ਵਾਲੇ ਨਿਆਰੇ 'ਤੀਸਰ ਪੰਥ' ਦੇ ਰੂਪ ਵਿਚ ਪਰਿਭਾਸ਼ਤ ਕਰਦੇ ਹਨ:

> There is no doubt that, when Guru Gobind Singh declared the religion which he was finalising and the religion which the Gurus had revealed, was the tisar Panth "the third religion", as distinct and different from Hinduism and Islam, Aryan and Semitic religions, complete in itself and distinct from both of these, aiming at the final synthesis and convergence of both of these religions and cultural streams into itself.[1]

ਉਪਰੋਕਤ ਪੰਕਤੀਆਂ ਵਿਚ ਉਨ੍ਹਾਂ ਨੇ ਸਿੱਖੀ ਨੂੰ ਇਕ ਵੱਖਰੇ ਧਰਮ ਦੀ ਬਜਾਇ ਨਿਆਰੇ ਤੀਸਰ ਪੰਥ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਹੈ। ਇਥੇ ਵੱਖਰੇਪਨ ਤੇ

ਨਿਆਰੇਪਨ ਦੇ ਰਹੱਸ ਨੂੰ ਸਮਝਣਾ ਅਤਿ ਜ਼ਰੂਰੀ ਹੈ। ਸਿੱਖੀ ਦੇ ਵੱਖਰੇਪਨ ਤੋਂ ਭਾਵ ਹੈ ਇਸ ਨੂੰ ਦੂਸਰੇ ਮਜ਼ਹਬਾਂ ਦੇ ਮੁਕਾਬਲੇ ਇਕ ਨਿਸ਼ਚਤ ਧਰਮ ਵੱਜੋਂ ਸਥਾਪਤ ਕਰਨਾ, ਜਦਕਿ ਇਸ ਦੇ ਨਿਆਰੇਪਨ ਤੋਂ ਭਾਵ ਹੈ ਕਿ ਸਿੱਖੀ ਧਰਤੀ 'ਤੇ ਮਨੁੱਖ ਦੇ ਆਤਮਿਕ ਸਫਰ ਦਾ ਉਹ ਦੈਵੀ ਰਾਹ (ਪੰਥ) ਹੈ,ਜਿਸ ਵਿਚ ਸਮਾ ਕੇ ਆਰੀਆਈ ਤੇ ਸਾਮੀ ਧਰਮਾਂ ਦੀਆਂ ਕੁਲ ਪਰੰਪਰਾਵਾਂ ਸੰਪੂਰਨਤਾ ਪ੍ਰਾਪਤ ਕਰਦੀਆਂ ਹਨ। ਸਿਰਦਾਰ ਕਪੂਰ ਸਿੰਘ ਨੇ ਨਿਸ਼ਚੇ ਹੀ ਸਿੱਖੀ ਦੇ ਇਸ ਸਰਬਵਿਆਪਕ ਨਿਆਰੇਪਨ ਨੂੰ ਉਜਾਗਰ ਕੀਤਾ।

ਉਪਰੋਕਤ ਸੰਦਰਭ ਵਿਚ ਹੀ ਉਨ੍ਹਾਂ ਨੇ ਦਸਮ ਪਾਤਸ਼ਾਹ ਦੇ ਦੇਹ-ਰੂਪ ਵਿਚ ਕੁਲ ਧਰਮ-ਪਰੰਪਰਾਵਾਂ ਦੇ ਪੈਗੰਬਰੀ-ਕੇਂਦਰਾਂ ਨਾਲ ਜੁੜੇ ਆਦਿ-ਜੁਗਾਦੀ ਨਕਸ਼ਾਂ (archetypes) ਨੂੰ ਸਮਾਉਂਦੇ ਦਿਖਾਇਆ ਹੈ।ਗੁਰੂ ਸਾਹਿਬ ਦੇ ਜਲਾਲੀ ਰੂਪ-ਦ੍ਰਿਸ਼ ਵਿਚ ਸ਼ਾਮਿਲ ਗੂੜ੍ਹੇ ਨੀਲੇ ਬਾਣੇ, ਸਰਬਲੋਹ ਦੇ ਸ਼ਸਤਰ, ਕੜਾ, ਬਾਜ ਤੇ ਨੀਲੇ ਘੋੜੇ ਦੇ ਆਦਿ-ਜੁਗਾਦੀ ਸੂਖਮ ਨਕਸ਼ ਉਜਾਗਰ ਕੀਤੇ ਹਨ।ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦਾ ਗੂੜ੍ਹਾ ਨੀਲਾ ਬਾਣਾ ਅਕਾਲਪੁਰਖ ਦੀ ਅਨੰਤਤਾ ਦੇ ਪ੍ਰਤੀਕਤਾਮਕ ਅਰਥਾਂ ਨੂੰ ਆਪਣੇ ਅੰਦਰ ਸਮਾਉਂਦਾ ਹੈ। ਇਸੇ ਤਰਾਂ ਗੂੜ੍ਹੀ ਕਾਲੀ ਰਾਤ ਵਿਚ ਵਿਸ਼ਾਲ ਨੀਲ-ਸਮੁੰਦਰ ਵਿਚ ਅਨੰਤ ਨਾਗ 'ਤੇ ਬਿਰਾਜ ਰਹੇ ਨੀਲੀ ਭਾਅ ਮਾਰਦੇ ਸਨਾਤਨ ਪੁਰਸ਼ ਵਿਸ਼ਨੂੰ ਜੀ ਦਾ ਨਕਸ਼ ਵੀ ਗੁਰੂ ਦੇ ਇੰਸ ਪਾਸਾਰ ਵਿਚ ਘੁਲ-ਮਿਲ ਜਾਂਦਾ ਹੈ।[2] ਭਾਰਤੀ ਪਰੰਪਰਾ ਵਿਚ ਵਿਸ਼ਨੂੰ ਦਾ ਨੀਲਾ ਰੰਗ, ਉਸ ਦੀ ਨੀਲੇ ਸਮੁੰਦਰ ਅਤੇ ਨੀਲੇ ਆਕਾਸ਼ ਜਿਹੀ ਵਿਰਾਟਤਾ ਦਾ ਪ੍ਰਤੀਕ ਹੈ। ਸਿਰਦਾਰ ਕਪੂਰ ਸਿੰਘ ਨੇ ਖਾਲਸੇ ਦੀ ਸਜਾਨਾ ਸਮੇਂ ਗੁਰੂ ਸਾਹਿਬ ਵੱਲੋਂ ਧਾਰਨ ਕੀਤੇ ਨੀਲੇ ਬਾਣੇ ਦੇ ਮੂਲਰੂਪਾਤਮਕ ਨਕਸ਼ (archetype) ਦਾ ਸਬੰਧ ਵਿਸ਼ਨੂੰ ਦੇ ਨੀਲ-ਵਰਨ ਨਾਲ ਜੋੜਿਆ ਹੈ। ਉਨ੍ਹਾਂ ਦੀ ਚਿੰਤਨ-ਦ੍ਰਿਸ਼ਟੀ ਦਾ ਇਹ ਪਾਸਾਰ ਉਨ੍ਹਾਂ ਦੀ ਬਹੁਕਾਲਕ (diachronic) ਪਹੁੰਚ-ਵਿਧੀ ਦਾ ਸੰਕੇਤ ਹੈ।ਆਧੁਨਿਕ ਚਿੰਨ੍ਹ ਵਿਗਿਆਨ ਦੀ ਬਹੁਕਾਲਕ ਅਧਿਐਨ-ਵਿਧੀ ਦੇ ਅੰਤਰਗਤ ਕਿਸੇ ਵੀ ਟੈਕਸਟ ਦੇ ਅਰਥਾਂ ਨੂੰ ਇਕ ਇਤਹਾਸਿਕ ਸਥਿਤੀ ਦੇ ਪ੍ਰਸੰਗ ਵਿਚ ਨਿਸ਼ਚਤ ਕਰਨ ਦੀ ਬਜਾਇ ਉਸ ਦੇ ਪਿਛੋਕੜ ਵਿਚ ਪਏ ਵਿਭਿੰਨ ਪ੍ਰਸੰਗਾਂ ਵਿਚ ਉਸ ਦੇ ਬਹੁਪਰਤੀ ਅਰਥਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਸਿਰਦਾਰ ਕਪੂਰ ਸਿੰਘ ਨੇ ਖਾਲਸਾ ਸਾਜਨਾ ਦੀ ਇਤਹਾਸਿਕ ਘਟਨਾ ਸਮੇਂ ਗੁਰੂ ਜੀ ਦੁਆਰਾ ਧਾਰਨ ਕੀਤੇ ਨੀਲੇ ਬਾਣੇ ਦੇ ਪ੍ਰਤੀਕਾਤਮਕ ਅਰਥਾਂ ਨੂੰ ਕੇਵਲ ਇਕ ਇਤਹਾਸਿਕ ਪ੍ਰਸੰਗ ਤੱਕ ਸੀਮਤ ਨਾ ਰੱਖਕੇ ਇਸ ਦੇ ਪਿਛੋਕੜ ਵਿਚ ਵਿਸ਼ਨੂੰ ਦੀ ਪੁਰਾਤਨ ਭਾਰਤੀ ਮਿਥ ਦੇ ਪ੍ਰਸੰਗਾਂ ਵਿਚੋਂ ਵੀ ਇਸਦੀ ਸਾਰਥਕਤਾ ਨੂੰ ਪਛਾਣਨ ਦਾ ਯਤਨ ਕੀਤਾ ਹੈ। ਇਸੇ ਤਰਾਂ ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦੇ ਬਾਜ਼ ਵਿਚ ਵਿਸ਼ਨੂੰ ਜੀ ਦੇ ਗਰੁੜ ਦਾ ਨਕਸ਼ ਜਜ਼ਬ ਹੁੰਦਾ ਹੈ। ਗਰੁੜ ਸੰਸਕ੍ਰਿਤ.ਦੀ 'ਗ੍ਰੀ' ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ 'ਨਿਗਲਣਾ'। ਭਾਰਤੀ ਤੇ ਹੋਰ ਪ੍ਰਾਚੀਨ ਪਰੰਪਰਾਵਾਂ ਵਿਚ ਬਾਜ਼/ਗਰੁੜ ਸੱਪ ਨੂੰ ਨਿਗਲਦੇ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ ਉਹ ਲਿਖਦੇ ਹਨ ਕਿ ਇਸ ਗ੍ਰੰਥ ਵਿਚ ਕਵੀ ਨੇ ਪਹਾੜੀ ਰਾਜਿਆਂ ਤੇ ਔਰੰਗਜ਼ੇਬ ਨੂੰ ਸੱਪ ਨਾਲ ਤੁਲਨਾਇਆ ਹੈ, ਜਿੰਨ੍ਹਾਂ ਉਪਰ ਗੁਰੂ ਸਾਹਿਬ ਨੇ ਬਲਸ਼ਾਲੀ ਰੂਪ ਵਿਚ ਵਾਰ ਕੀਤਾ ਹੈ:

> In the superb sculpture of Vishnu, at Belahan, Java (11 Century), Vishnu is shown astride the spacious shoulders of the garura, who is clutching an entwined snake in its talons.

> The wily Hindu Hill-Chieftains who treacherously attacked Guru Gobind Singh, more than once, to destroy him at the behest of their imperial master, Aurangzeb, are compared to "the snake" by the poet, on whom Guru Gobind Singh swooped like the mighty garura.[3]

> ਸਰਪਿੰਦ ਗਿਰਿੰਦ ਖਗਿੰਦ ਤੁਲੰ॥ (Gurpratapsurya, I (i) 13.32.)[4]

ਸਿਰਦਾਰ ਕਪੂਰ ਸਿੰਘ ਅਨੁਸਾਰ ਇਹ ਬਾਜ ਤੇ ਸੱਪ, ਆਕਾਸ਼ ਤੇ ਧਰਤੀ, ਆਤਮਾ ਤੇ ਪਦਾਰਥ ਦਾ ਆਤਮਿਕ ਦਵੰਦ ਹੈ, ਜਿਸ ਨੂੰ ਮਨੁੱਖੀ ਕਲਾ ਵਿਚ 'ਪੰਛੀ-ਸੱਪ' ਦੇ ਪੁਰਾਤਨ ਮੋਟਿਫ ਰਾਹੀਂ ਦਰਸਾਇਆ ਗਿਆ ਹੈ। ਗੁਰੂ ਸਾਹਿਬ ਦੇ ਖੱਬੇ ਹੱਥ 'ਤੇ ਸੁਸ਼ੋਭਿਤ ਖੁੱਲ੍ਹੇ ਖੰਭਾਂ ਵਾਲਾ ਚਿੱਟਾ ਬਾਜ ਪਰੰਪਰਾ ਦੇ ਇਨ੍ਹਾਂ ਆਦਿ-ਨਕਸ਼ਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ।[5]

ਸਿਰਦਾਰ ਕਪੂਰ ਸਿੰਘ ਨੇ ਜਿਵੇਂ ਪੁਰਾਤਨ ਦੈਵੀ ਨਕਸ਼ਾਂ ਦੀ ਸੰਪੂਰਨਤਾ ਗੁਰੂ ਗੋਬਿੰਦ ਸਿੰਘ ਜੀ ਦੇ ਜਲਾਲੀ ਰੂਪ ਵਿਚ ਦਿਖਾਈ ਹੈ। ਉਸੇ ਤਰ੍ਹਾਂ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਕਲਯੁਗ ਵਿਚ ਆਗਮਨ ਦਾ ਭਵਿੱਖਮੁਖੀ ਹਵਾਲਾ ਪੁਰਾਤਨ ਹਿੰਦੂ ਗ੍ਰੰਥ 'ਭਵਿਛਯ ਪੁਰਾਣ' ਵਿਚੋਂ ਦਿੱਤਾ ਹੈ ਜੋ ਇਸ ਪ੍ਰਕਾਰ ਹੈ:

> ਤਦਵੈ ਲੋਕਰਕਸ਼ਾਰਥ ਮਲੇਛਾਨਾਂਮਾਸ਼ਹੇਤਵੇ।
>
> ਪੋਸ਼ਚਮੇਸ਼ੁ ਸ਼ੁਭੇ ਦੇਸ਼ੇ ਵੇਦੀਵੰਸ਼ੇ ਚ ਨਾਨਕ:।।

ਉਨ੍ਹਾਂ ਨੇ ਉਪਰੋਕਤ ਸਲੋਕ ਦੇ ਅਰਥ ਇਸ ਪ੍ਰਕਾਰ ਕੀਤੇ ਹਨ :

> At this period of time, for the upliftment of mankind, for the destruction of its sickness and impurities, Nanak shall take birth in the blessed western region of India in the tribe of the high-caste Veda knowers.[6]

ਸਿਰਦਾਰ ਕਪੂਰ ਸਿੰਘ ਦੇ ਦਾਰਸ਼ਨਿਕ ਪ੍ਰਵਚਨ ਦਾ ਉਪਰੋਕਤ ਪਾਸਾਰ ਦੋਪਰਤੀ ਸਾਰਥਕਾ ਦਾ ਧਾਰਨੀ ਹੈ। ਇਕ ਤਾਂ ਇਹ ਗੁਰੂ-ਸ਼ਬਦ ਤੇ ਗੁਰੂ-ਦੇਹ ਵਿਚ ਸਮੁੱਚੀਆਂ ਧਰਮ ਪਰੰਪਰਾਵਾਂ ਦੀ ਸੰਪੂਰਨਤਾ ਨੂੰ ਦਰਸਾਉਂਦਾ ਹੈ। ਦੂਜਾ ਇਹ ਗੁਰੂ ਦੀ ਆਦਿ-ਜੁਗਾਦੀ ਵਿਰਾਟਤਾ ਨੂੰ ਵੀ ਪ੍ਰਗਟਾਉਂਦਾ ਹੈ। ਬਸਤੀਵਾਦੀ ਪ੍ਰਵਚਨ ਤੋਂ ਪ੍ਰਭਾਵਿਤ ਵਿਆਖਿਆ ਗੁਰੂ ਨੂੰ ਇਤਹਾਸਿਕ ਕਾਲ-ਖੰਡ ਤਕ ਸੀਮਤ ਵਿਅਕਤੀ-ਰੂਪ ਬਣਾਉਂਦੀ ਹੈ ਜਦ ਕਿ ਉਪਰੋਕਤ ਪਰਿਪੇਖ ਅਕਾਲ-ਰੂਪ ਤੋਂ ਲੈਕੇ ਕਾਲ ਦੀ ਸਮੁੱਚੀ ਗਤੀ ਵਿਚ ਉਪਜੇ ਗੁਰੂ-ਜੋਤ ਦੇ ਕੁਲ ਝਲਕਾਰਿਆਂ ਨੂੰ ਅੰਤ ਗੁਰੂ ਦੇ ਸ਼ਬਦ ਤੇ ਗੁਰੂ ਦੀ ਦੇਹ ਵਿਚ ਸਮਾਉਂਦਿਆਂ ਦਿਖਾਉਂਦਾ ਹੈ। ਇਹ ਪਰਿਪੇਖ ਹੀ ਗੁਰੂ-ਜੋਤ ਸੰਬੰਧੀ ਭੱਟ-ਬਾਣੀ, ਭਗਤ-ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਸੂਖਮ ਸੰਕੇਤਾਂ ਨਾਲ ਇਕਸੁਰਤਾ ਦਾ ਨਾਤਾ ਬਣਾਉਣ ਦੇ ਸਮਰੱਥ ਹੈ।

ਸਿਰਦਾਰ ਕਪੂਰ ਸਿੰਘ ਦੇ ਦ੍ਰਿਸ਼ਟੀਕੋਣ ਦੇ ਪਰਿਪੇਖ ਵਿਚ ਦੇਖਿਆ ਜਾਵੇ ਤਾਂ ਪੱਛਮੀ ਬਸਤੀਵਾਦੀ ਪ੍ਰਵਚਨ ਦੇ ਪ੍ਰਭਾਵ ਹੇਠ ਉਪਜੀ ਆਰੀਆ ਸਮਾਜੀ ਲਹਿਰ ਦੇ ਸਿੱਖ ਵਿਰੋਧੀ ਵਿਚਾਰ ਹਿੰਦੂ ਧਰਮ ਦੀ ਮੂਲ ਆਤਮਾ ਦੀ ਪ੍ਰਤੀਨਿਧਤਾ ਨਹੀਂ ਕਰਦੇ

ਕਿਉਂਕਿ ਹਿੰਦੂ ਧਰਮ ਦੀ ਸ਼ੁੱਧ ਆਤਮਾ ਸ਼ਬਦ ਗੁਰੂ ਅੰਦਰ ਹੀ ਸਮਾਹਿਤ ਹੈ। ਉਨ੍ਹਾਂ ਅਨੁਸਾਰ ਸਿੱਖੀ ਨੇ ਹਿੰਦੂ ਧਰਮ ਦੀਆਂ ਬੁਨਿਆਦੀ ਅੰਤਰ-ਦ੍ਰਿਸ਼ਟੀਆਂ ਨੂੰ ਨਵੇਂ ਸੰਕਲਪਿਕ ਵਿਸਥਾਰ ਸਹਿਤ ਪੇਸ਼ ਕੀਤਾ :

> The Sikhs have not tried to set up an antagonistic social system as that of the Hindu Society, even though they repudiate its basic concepts of *varnashram-dharma.* They uphold the fundamental insights into reality, which are peculiarly Hindu, such as *karma, dharma, Punar Janma* and *Maya,* though only after imparting them with new and extended conceptual contents.[7]

ਸਿਰਦਾਰ ਕਪੂਰ ਸਿੰਘ ਇਸ ਧਾਰਨਾਂ ਨੂੰ ਮੰਨਦੇ ਹਨ ਕਿ ਦਰਅਸਲ ਸਿੱਖ ਪੰਥ ਨੇ ਹਿੰਦੂ ਮੱਤ ਦੀ ਜਾਤੀ-ਆਧਾਰਿਤ ਵੰਡ 'ਤੇ ਆਧਾਰਿਤ ਸਮਾਜ ਦਾ ਰੂਪਾਂਤਰਣ ਕਰਕੇ ਇਕ ਤਰ੍ਹਾਂ ਨਾਲ ਆਧੁਨਿਕ ਯੁਗ ਵਿਚ ਹਿੰਦੂ ਸਮਾਜ ਨੂੰ ਸਹਿਜ ਰੂਪ ਵਿਚ ਵਿਚਰਨ ਦਾ ਆਧਾਰ ਪ੍ਰਦਾਨ ਕੀਤਾ ਹੈ:

> Sikhism accepts the immutability of the concept of *dharma* but denies its ontological relationship with the four-fold division of Hindu society. Thus Sikhism removes the fundamental obstacles that stand in the way of Hinduism coming to living terms with the modern world and idioms of thought.[8]

ਇਸੇ ਪਰਿਪੇਖ ਵਿਚ ਸਿਰਦਾਰ ਕਪੂਰ ਸਿੰਘ ਗਾਂਧੀ ਤੇ ਟੈਗੋਰ ਦੁਆਰਾ ਸ਼ਸਤਰ ਤੇ ਸ਼ਕਤੀ ਦੀ ਵਰਤੋਂ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਕੀਤੀ ਆਲੋਚਨਾ ਨੂੰ ਸ਼ੁੱਧ ਹਿੰਦੂ ਆਤਮਾ ਦੀ ਪ੍ਰਤੀਨਿਧਤਾ ਨਾ ਮੰਨਦੇ ਹੋਏ ਇਸ ਨੂੰ ਪੱਛਮੀ ਪ੍ਰਭਾਵ ਦੀ ਉਪਜ ਹੀ ਮੰਨਦੇ ਹਨ। ਸਿਰਦਾਰ ਕਪੂਰ ਸਿੰਘ ਦੇ ਸ਼ਬਦਾਂ ਵਿਚ:

> Tagore and Gandhi were critical of Guru Govind Singh and Sikhism precisely, because... it declares legitimate use of force in defence of human values, not only permissible but incumbent upon men of high culture... these propositions are anathema to the scale of Christian values that obfuscated the minds of Tagore and Gandhi through the *maya* of Brahmoism and *ahimsa.* This judgement of modern India on Guru Govind Singh and Sikhism, is not a truly Hindu judgement; it is essentially a Christian judgement, a pseudo-Hindu judgement.[9]

ਉਨ੍ਹਾਂ ਨੇ ਜਿਸ ਪ੍ਰਕਾਰ ਗੁਰੂ-ਸ਼ਬਦ ਦੀ ਵਿਸ਼ਵ-ਵਿਆਪੀ ਵਿਆਖਿਆ ਕੀਤੀ ਹੈ, ਉਸੇ ਤਰਾਂ ਉਹ ਸ਼ਬਦ ਦੇ ਅਨੁਭਵ 'ਤੇ ਉੱਸਰੇ ਸਮਾਜ ਦੇ ਵੀ ਸਰਬ-ਵਿਆਪੀ ਸਰੂਪ ਨੂੰ

ਉਜਾਗਰ ਕਰਦੇ ਹਨ। ਉਨ੍ਹਾਂ ਅਨੁਸਾਰ ਸਿੱਖੀ ਹੀ ਅਜਿਹੇ ਨਿਵੇਕਲੇ ਸਮਾਜ-ਸਭਿਆਚਾਰ ਦੀ ਸਿਰਜਣਾ ਕਰਦੀ ਹੈ ਜਿਹੜਾ ਆਪਣੀ ਵਿਰਾਟਤਾ ਵਿਚ ਵਿਸ਼ਵ ਦੀ ਸਗਲੀ ਸਮਾਜ-ਸਭਿਅਚਾਰਕ ਵਿਭਿੰਨਤਾ ਨੂੰ ਖਿੜਨ ਤੇ ਮੌਲਣ ਦੀ ਅਜ਼ਾਦੀ ਵੀ ਦਿੰਦਾ ਹੈ ਤੇ ਕਿਸੇ ਆਤਮਿਕ ਇਕਸੁਰਤਾ ਵਿਚ ਵੀ ਪਰੋਂਦਾ ਹੈ। ਇਸੇ ਪਰਿਪੇਖ ਵਿਚ ਉਨ੍ਹਾਂ ਨੇ ਬਾਕੀ ਧਰਮਾਂ 'ਤੇ ਆਧਾਰਿਤ ਸਮਾਜ-ਸਭਿਆਚਾਰਾਂ ਨਾਲੋਂ ਸਿੱਖੀ ਦੇ ਨਿਆਰੇਪਨ ਨੂੰ ਦਰਸਾਇਆ ਹੈ:

> Sikhism is a social religion, non-ethnical, ecumenical, and grounded in a Political society, directed and commited to propagation and establishing of a plural world-society, tolerant, open, progressive and free in character. Thus Sikhism and Sikhs form a unique religion and a unique society, which and who can be clearly distinguished from the other religious and political societies of the world.[10]

ਸਿਰਦਾਰ ਕਪੂਰ ਸਿੰਘ ਦੀ ਚਿੰਤਨ-ਦ੍ਰਿਸ਼ਟੀ ਦੇ ਕੁਝ ਬੁਨਿਆਦੀ ਸੂਤਰਾਂ ਦਾ ਉਪਰੋਕਤ ਵਰਣਨ-ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਹ ਦਰਅਸਲ ਸਿੱਖੀ ਦੀ ਮੂਲ ਆਤਮਾ ਦਾ ਦਾਰਸ਼ਨਿਕ ਪ੍ਰਵਚਨ ਹੈ। ਇਹ ਸਿੱਖ ਪੰਥ ਦਾ ਅਜਿਹਾ ਮਹਾਂਦ੍ਰਿਸ਼ ਉਜਾਗਰ ਕਰਦਾ ਹੈ ਜਿਸ ਵਿਚ ਵਿਸ਼ਵ ਦੇ ਧਰਮ-ਦਰਸ਼ਨਾਂ ਤੇ ਸਮਾਜ-ਸਭਿਆਚਾਰਾਂ ਦੀਆਂ ਕੁਲ ਪਰੰਪਰਾਵਾਂ ਕਿਸੇ ਦੈਵੀ ਸੰਪੂਰਨਤਾ ਨੂੰ ਪ੍ਰਾਪਤ ਕਰਦੀਆਂ ਨਜ਼ਰ ਆਉਂਦੀਆਂ ਹਨ। ਇਸ ਵਿੱਚ ਸਿੱਖ-ਦਰਸ਼ਨ ਦੀ ਪਰੰਪਰਾਗਤ ਸ਼ੁੱਧਤਾ ਤੇ ਆਧੁਨਿਕ ਦਾਰਸ਼ਨਿਕ ਮੁਹਾਵਰੇ ਦੀ ਇਕ ਕਰਾਮਾਤੀ ਇਕਸੁਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਲਈ ਵਰਤਮਾਨ ਸਮੇਂ ਵਿਚ ਜੇਕਰ ਸਿੱਖ-ਚਿੰਤਨ ਨੇ ਕੋਈ ਸਾਰਥਕ ਦਿਸ਼ਾ ਅਖ਼ਤਿਆਰ ਕਰਨੀ ਹੈ ਤਾਂ ਇਸ ਵਿਚ ਨਿਸ਼ਚੇ ਹੀ ਸਿਰਦਾਰ ਕਪੂਰ ਸਿੰਘ ਦੀ ਚਿੰਤਨ-ਦ੍ਰਿਸ਼ਟੀ ਦੀ ਆਧਾਰ-ਰੂਪ ਭੂਮਿਕਾ ਹੋਵੇਗੀ।

## ਹਵਾਲੇ ਤੇ ਟਿੱਪਣੀਆਂ

1. Sirdar Kapur Singh, *Prasharprashna*, (ed.) Piar Singh and Madanjit Kaur, Guru Nanak Dev University, Amritsar, 2001, p. 32.
2. *Ibid*, p. 127.
3. *Ibid*, p. 131.
4. As quoted by Sirdar Kapur Singh, *Prasharprashna*, (ed.) Piar Singh and Madanjit Kaur, Guru Nanak Dev University, Amritsar, 2001, p. 131.
5. *Ibid*, p. 132.
6. Sirdar Kapur Singh, *Some Insights into Sikhism*, (ed.) Madanjit Kaur and Piar Singh, Guru Nanak Dev University, Amritsar, 1995, p. 80.
7. *Ibid*, p. 24.
8. *Ibid*, pp. 26-27.
9. *Ibid*, p. 23.
10. *Ibid*, p. 2.